**ਦਫਤਰ ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਿ: (ਪਨਬੱਸ) ਰਜਿ:**
**(ਜੀਵਨਦੀਪ ਬਿਲਡਿੰਗ, ਪਹਿਲੀ ਮੰਜ਼ਿਲ, ਸੈਕਟਰ 17-ਏ, ਚੰਡੀਗੜ੍ਹ)**

## ਨਿਯੁਕਤੀ ਸੂਚਨਾਂ

ਪੱਨਬੱਸ, ਮੁੱਖ ਦਫਤਰ ਵਿੱਚ ਉਸਾਰੀ ਸ਼ਾਖਾ ਦੇ ਕੰਮ-ਕਾਜ ਲਈ ਕੰਟਰੈਕਟ ਦੇ ਆਧਾਰ ਤੇ ਕਾਰਜਕਾਰੀ ਇੰਜੀਨੀਅਰ (ਸਿਵਲ) ਨਿਯੁਕਤ ਕੀਤਾ ਜਾਣਾ ਹੈ। ਇਸ ਆਸਾਮੀ ਲਈ ਰਿਟਾਇਰਡ ਕਾਰਜਕਾਰੀ ਇੰਜੀਨੀਅਰਜ ਪਾਸੋਂ ਆਨ-ਲਾਈਨ ਅਰਜੀਆਂ ਵਿਭਾਗ ਦੀ ਵੈੱਬਸਾਈਟ www.punjabroadways.Punjab.gov.in Recruitment of Executive Engineer (Civil) on Contract Basis-2020 ਤੋਂ ਡਾਊਨਲੋਡ ਕੀਤੀਆਂ ਜਾ ਸਕਦੀਆਂ ਹਨ। ਬਿਨੇ ਪੱਤਰ ਭਰਕੇ ਈ-ਮੇਲ ਆਈ.ਡੀ. dir.tpt@punjab.gov.in ਤੇ ਮਿਤੀ 03.03.2020 ਤੱਕ ਭੇਜੇ ਜਾਣ।

ਈ.ਮੇਲ ਆਈ. ਡੀ ਤੋਂ ਇਲਾਵਾ ਹੋਰ ਕਿਸੇ ਢੰਗ ਨਾਲ ਭੇਜੇ ਬਿਨੇ ਪੱਤਰ ਸਵੀਕਾਰ ਨਹੀਂ ਕੀਤੇ ਜਾਣਗੇ। ਫਾਰਮ ਭਰਨ ਸਮੇਂ ਕਿਸੇ ਸਪਸ਼ਟੀਕਰਨ ਲਈ ਪੱਨਬੱਸ ਦਫਤਰ ਦੇ ਹੈਲਪ ਡੈਸਕ ਨੰ:0172-2704114 ਤੇ ਸੰਪਰਕ ਕਰ ਸਕਦੇ ਹਨ।

**ਮੈਨੇਜਿੰਗ ਡਾਇਰੈਕਟਰ, ਪੱਨਬੱਸ।**

Scanned with CamScanner

**ਪੱਨਬੱਸ ਵਿੱਚ ਕੰਟਰੈਕਟ ਦੇ ਆਧਾਰ ਤੇ ਕਾਰਜਕਾਰੀ ਇੰਜੀਨੀਅਰ (ਸਿਵਲ) ਦੀ ਆਸਾਮੀ ਭਰਨ ਲਈ ਅਪਣਾਏ ਜਾਣ ਵਾਲੇ ਮਾਪਦੰਡ ਅਤੇ ਸ਼ਰਤਾਂ ਦਾ ਵੇਰਵਾ:-**

1) ਪੱਨਬੱਸ ਵਿੱਚ ਕੰਟਰੈਕਟ ਦੇ ਆਧਾਰ ਤੇ ਕਿਸੇ ਰਿਟਾਇਰਡ ਕਾਰਜਕਾਰੀ ਇੰਜੀਨੀਅਰ (ਸਿਵਲ) ਨੂੰ ਮੁੱਖ ਦਫਤਰ, ਪੱਨਬੱਸ ਦੀ ਉਸਾਰੀ ਸ਼ਾਖਾ ਵਿੱਚ ਨਿਯੁਕਤ ਕੀਤਾ ਜਾਵੇਗਾ।

2) ਇਸ ਆਸਾਮੀ ਤੇ ਤਾਇਨਾਤ ਅਧਿਕਾਰੀ ਦੀ ਉਮਰ ਭਰਤੀ ਸਮੇਂ 65 ਸਾਲ ਤੋਂ ਘੱਟ ਹੋਵੇ।

3) ਇਸ ਆਸਾਮੀ ਲਈ ਬਤੌਰ ਕਾਰਜਕਾਰੀ ਇੰਜੀਨੀਅਰ (ਸਿਵਲ) ਦਾ ਘੱਟੋ-ਘੱਟ ਪੰਜ ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

4) ਇਸ ਆਸਾਮੀ ਤੇ ਤਾਇਨਾਤ ਅਧਿਕਾਰੀ ਦੀ ਤਨਖਾਹ ਪੱਨਬੱਸ ਦੇ ਬੋਰਡ ਆਫ ਡਾਇਰੈਕਟਰਜ ਦੇ ਫੈਸਲੇ ਅਨੁਸਾਰ ਉਸ ਵੱਲੋਂ ਲਈ ਗਈ ਆਖਰੀ ਤਨਖਾਹ ਅਤੇ ਪੈਨਸ਼ਨ ਦਾ ਅੰਤਰ ਹੋਵੇਗਾ।

5) ਇਸ ਆਸਾਮੀ ਦਾ ਸਮਾਂ ਦੋ ਸਾਲ ਦਾ ਹੋਵੇਗਾ। ਇਸ ਸਮੇਂ ਨੂੰ ਅਧਿਕਾਰੀ ਦੀ ਕਾਰਗੁਜਾਰੀ ਦੇਖ ਕੇ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ।

6) ਇਸ ਆਸਾਮੀ ਦੇ ਉਮੀਦਵਾਰ ਵਿਰੁੱਧ ਕੋਈ ਵਿਭਾਗੀ ਜਾਂਚ, ਵਿਜੀਲੈਂਸ ਕੇਸ, ਕੋਰਟ ਕੇਸ ਆਦਿ ਨਹੀਂ ਹੋਣਾ ਚਾਹੀਦਾ। ਇਸ ਸਬੰਧੀ ਉਹ ਆਪਣੇ ਤੌਰ ਤੇ ਵੀ ਹਲਫੀਆ ਬਿਆਨ ਦੇਵੇਗਾ।

7) ਇਸ ਆਸਾਮੀ ਦਾ ਕੰਮ-ਕਾਜ ਉਸਾਰੀ ਸ਼ਾਖਾ ਵਿੱਚ ਐਮ.ਡੀ. ਪੱਨਬੱਸ ਦੇ ਅਧੀਨ ਹੋਵੇਗਾ।

8) ਕਾਰਜਕਾਰੀ ਇੰਜੀਨੀਅਰ (ਸਿਵਲ) ਦੀ ਆਸਾਮੀ ਲਈ ਉਮੀਦਵਾਰ ਮੈਡੀਕਲ ਤੌਰ ਤੇ ਫਿੱਟ ਹੋਣਾ ਚਾਹੀਦਾ ਹੈ।

9) ਕਾਰਜਕਾਰੀ ਇੰਜੀਨੀਅਰ (ਸਿਵਲ) ਦੀ ਆਸਾਮੀ ਦਾ ਕਾਰਜਕਾਲ ਇੱਕ ਸਾਲ ਦਾ ਹੋਵੇਗਾ। ਅਧਿਕਾਰੀ ਦੇ ਕੰਮਕਾਜ ਦੀ ਸਮੀਖਿਆ ਉਪਰੰਤ ਮੈਨੇਜਿੰਗ ਡਾਇਰੈਕਟਰ, ਪੱਨਬੱਸ ਕਾਰਜਕਾਲ ਵਿੱਚ ਵਾਧਾ ਕਰਨ/ਖਤਮ ਕਰਨ ਲਈ ਅਧਿਕਾਰਤ ਹੋਣਗੇ।

10) ਕਾਰਜਕਾਰੀ ਇੰਜੀਨੀਅਰ (ਸਿਵਲ) ਦੀ ਆਸਾਮੀ ਦੀ ਆਸਾਮੀ ਦੇ ਉਮੀਦਵਾਰ ਨੂੰ ਮਹੀਨੇ ਵਿੱਚ ਇੱਕ ਅਚਨਚੇਤ ਛੁੱਟੀ ਮਿਲੇਗੀ। ਕਲੰਡਰ ਸਾਲ ਵਿੱਚ ਕੁੱਲ 12 ਛੁੱਟੀਆਂ ਮਿਲਣਯੋਗ ਹੋਣਗੀਆਂ। ਇੱਕ ਸਮੇਂ ਚਾਰ ਤੋਂ ਵੱਧ ਛੁੱਟੀਆਂ ਨਹੀਂ ਲੈ ਸਕੇਗਾ। ਇਹ ਛੁੱਟੀਆਂ ਅਗਲੇ ਚਾਲੂ ਸਾਲ ਵਿੱਚ ਟਰਾਂਸਫਰ ਨਹੀਂ ਹੋਣਗੀਆਂ।

11) ਕਾਰਜਕਾਰੀ ਇੰਜੀਨੀਅਰ (ਸਿਵਲ) ਦੀ ਆਸਾਮੀ ਲਈ ਨਿਯੁਕਤ ਉਮੀਦਵਾਰ ਜੇਕਰ ਆਪਣੀ ਨੌਕਰੀ ਛੱਡਣਾ ਚਾਹੇਗਾ ਤਾਂ ਉਸ ਨੂੰ ਇੱਕ ਮਹੀਨੇ ਦਾ ਨੋਟਿਸ ਜਾਂ ਇੱਕ ਮਹੀਨੇ ਦੀ ਤਨਖਾਹ ਜਮ੍ਹਾ ਕਰਵਾਉਣੀ ਪਵੇਗੀ।

12) ਕਾਰਜਕਾਰੀ ਇੰਜੀਨੀਅਰ (ਸਿਵਲ) ਦੀ ਆਸਾਮੀ ਤੇ ਨਿਯੁਕਤ ਉਮੀਦਵਾਰ, ਚੇਅਰਮੈਨ, ਪੱਨਬੱਸ ਅਤੇ ਮੈਨੇਜਿੰਗ ਡਾਇਰੈਕਟਰ, ਪੱਨਬੱਸ ਵੱਲੋਂ ਸਮੇਂ-ਸਮੇਂ ਸਿਰ ਜਾਰੀ ਹਦਾਇਤਾਂ/ਹੁਕਮਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਣਗੇ।

**ਮੈਨੇਜਿੰਗ ਡਾਇਰੈਕਟਰ, ਪੱਨਬੱਸ।**

Scanned with CamScanner

ਪਨਬੱਸ ਵਿੱਚ ਕੰਟਰੈਕਟ ਦੇ ਆਧਾਰ ਤੇ ਕਾਰਜਕਾਰੀ ਇੰਜੀਨੀਅਰ (ਸਿਵਲ) ਦੀ ਆਸਾਮੀ ਲਈ ਬਿਨੈ ਪੱਤਰ ਦਾ ਪ੍ਰੋਫਾਰਮਾ :-

## ਬਿਨੈ ਪੱਤਰ ਦਾ ਪ੍ਰੋਫਾਰਮਾ

ਮੌਜੂਦਾ ਫੋਟ

1. ਆਸਾਮੀ ਦਾ ਨਾਂ: ਕਾਰਜਕਾਰੀ ਇੰਜੀਨੀਅਰ (ਸਿਵਲ)
2. ਪੂਰਾ ਨਾਮ: ....................................
3. ਪਿਤਾ ਦਾ ਨਾਮ: ....................................
4. ਜਨਮ ਮਿਤੀ ....................................
   (ਉਮਰ 65 ਸਾਲ ਤੋਂ ਘੱਟ ਹੋਵੇ)
5. ਕੌਮੀਅਤ ....................................
6. ਪੱਤਰਵਿਵਹਾਰ ਦਾ ਪਤਾ:
   ....................................
   ....................................
7. ਪੱਕਾ ਪਤਾ: ....................................
   ....................................
8. ਮੋਬਾਇਲ/ਫੋਨ ਨੰਬਰ ਅਤੇ ਈ-ਮੇਲ ਪਤਾ: ....................................
9. ਸੇਵਾ ਨਵਿਰਤੀ ਸਬੰਧੀ ਸੂਚਨਾਂ:-

| ਲੜੀ ਨੰ: | ਬਿਨੈਕਾਰ ਜਿਸ ਵਿਭਾਗ ਤੋਂ ਸੇਵਾ ਨਵਿਰਤ ਹੋਇਆ ਹੈ, ਉਸ ਵਿਭਾਗ ਦਾ ਨਾਂ | ਸੇਵਾ ਨਵਿਰਤੀ ਦੀ ਮਿਤੀ | ਬਿਨੈਕਾਰ ਜਿਸ ਆਹੁੱਦੇ ਤੋਂ ਰਿਟਾਇਰ ਹੋਇਆ, ਦਾ ਵੇਰਵਾ | ਬਿਨੈਕਾਰ ਵਿਰੁੱਧ ਕੋਰਟ ਕੇ... ਵਿਭਾਗੀ ਜਾਂਚ/ਵਿਜੀਲੈਂਸ ਕੇ... ਜੇਕਰ ਚੱਲ ਰਿਹਾ ਹੋਵੇ, ਤਾਂ ਉ... ਸਬੰਧੀ ਦਾ ਵੇਰਵਾ |
|---|---|---|---|---|
| | | | | |
| | | | | |
| | | | | |
| | | | | |

ਮਿਤੀ:

ਸਥਾਨ:

ਬਿਨੈਕਾਰ ਦੇ ਹਸਤਾਖਰ

Scanned with CamScanner